ਫਾਰਮ 24 (EC-24-06-EL-24)

Vote ☒ Elections Calgary

# ਮੇਲ-ਇਨ (ਵਿਸ਼ੇਸ਼) ਬੈਲਟ ਵੋਟਿੰਗ ਨਿਰਦੇਸ਼

*ਸਥਾਨਕ ਅਥਾਰਟੀਜ਼ ਇਲੈਕਸ਼ਨ ਐਕਟ (ਸੈਕਸ਼ਨ 77.1, 77.2)*

ਸਥਾਨਕ ਅਧਿਕਾਰ ਖੇਤਰ:

- ਸਿਟੀ ਔਫ਼ ਕੈਲਗਰੀ
- ਕੈਲਗਰੀ ਬੋਰਡ ਔਫ਼ ਐਜੂਕੇਸ਼ਨ
- ਕੈਲਗਰੀ ਰੋਮਨ ਕੈਥੋਲਿਕ ਸੈਪਰੇਟ ਸਕੂਲ ਡਿਵੀਜ਼ਨ

**ਆਮ ਚੋਣਾਂ ਦੀ ਤਰੀਕ: 18 ਅਕਤੂਬਰ, 2021**

ਇਲੈਕਸ਼ਨਜ਼ ਕੈਲਗਰੀ ਵਿੱਚ ਇਸ ਪੈਕੇਜ ਨੂੰ ਜਮ੍ਹਾਂ ਕਰਵਾ ਕੇ, ਤੁਸੀਂ

ਪੁਸ਼ਟੀ ਕਰ ਰਹੇ ਹੋ: ਮੈਂ ਇਹਨਾਂ ਕਾਰਨਾਂ ਕਰਕੇ ਮੇਲ-ਇਨ (ਵਿਸ਼ੇਸ਼) ਬੈਲਟ ਦੁਆਰਾ ਬੇਨਤੀ ਕਰਨ ਦੇ ਯੋਗ ਹਾਂ:

- ਕਿਸੇ ਵੋਟਿੰਗ ਸਟੇਸ਼ਨ ਤੇ ਜਾਣ ਲਈ ਸਰੀਰਕ ਤੌਰ ਤੇ ਅਸਮਰੱਥ ਹੋਣ ਕਰਕੇ;
- ਚੋਣਾਂ ਵਾਲੇ ਦਿਨ ਸ਼ਹਿਰ ਤੋਂ ਗੈਰਹਾਜ਼ਰ ਹੋਣ ਕਰਕੇ; ਜਾਂ
- ਇਲੈਕਸ਼ਨਜ਼ ਕੈਲਗਰੀ ਲਈ ਜਾਂ ਉਮੀਦਵਾਰ, ਅਧਿਕਾਰਤ ਏਜੰਟ, ਜਾਂ ਜਾਂਚਕਰਤਾ ਵਜੋਂ ਵੋਟਿੰਗ ਸਟੇਸ਼ਨ ਤੇ ਕੰਮ ਕਰਨ ਕਰਕੇ, ਜੋ ਕਿ ਮੇਰਾ ਮਨੋਨੀਤ ਵੋਟਿੰਗ ਸਟੇਸ਼ਨ ਨਹੀਂ ਹੈ।

## ਆਪਣਾ ਪੈਕੇਜ ਪੂਰਾ ਕਰੋ

### ਵੋਟਿੰਗ ਨਿਰਦੇਸ਼


ਓਵਲ ਨੂੰ ਪੂਰੀ ਤਰ੍ਹਾਂ ਭਰੋ

1. ਬੌਲਪੁਆਇੰਟ ਪੈੱਨ ਜਾਂ ਪੈਨਸਿਲ ਨਾਲ, ਬੈਲਟ ਨੂੰ ਆਪਣੀ ਪਸੰਦ ਦੇ ਨਾਲ ਨਿਸ਼ਾਨਬੱਧ ਕਰੋ। ਇੱਕ ਬੈਲਟ ਉਨ੍ਹਾਂ ਉਮੀਦਵਾਰ(ਰਾਂ) ਦੀ ਅਧਿਕਤਮ ਗਿਣਤੀ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਵੋਟ ਦਿੱਤਾ ਜਾ ਸਕਦਾ ਹੈ। ਤੁਸੀਂ ਅਧਿਕਤਮ ਸੰਖਿਆ ਤੋਂ ਘੱਟ ਲਈ ਵੋਟ ਪਾ ਸਕਦੇ ਹੋ, ਪਰ ਵਧੇਰੇ ਲਈ ਨਹੀਂ।

2. ਸਾਰੇ ਬੈਲਟ, ਨਿਸ਼ਾਨਬੱਧ ਜਾਂ ਨਹੀਂ, ਵਿਸ਼ੇਸ਼ (ਮੇਲ-ਇਨ) ਬੈਲਟ ਲਿਫ਼ਾਫ਼ਾ ਏ (Envelope A) ਵਿੱਚ ਰੱਖੋ ਅਤੇ ਸੀਲ ਕਰੋ।

3. ਸਪੈਸ਼ਲ (ਮੇਲ-ਇਨ) ਬੈਲਟ ਲਿਫਾਫਾ ਏ (Envelope A) ਨੂੰ ਸਪੈਸ਼ਲ (ਮੇਲ-ਇਨ) ਬੈਲਟ ਸਰਟੀਫਿਕੇਟ ਲਿਫਾਫੇ ਬੀ (Envelope B) ਵਿੱਚ ਰੱਖੋ ਅਤੇ ਸੀਲ ਕਰੋ।

4. ਵਿਸ਼ੇਸ਼ (ਮੇਲ-ਇਨ) ਬੈਲਟ ਸਰਟੀਫਿਕੇਟ ਲਿਫਾਫੇ ਬੀ (Envelope B) ਦੇ ਭਾਗ 1 ਨੂੰ ਪੂਰਾ ਕਰੋ ਅਤੇ ਹਸਤਾਖਰ ਕਰੋ।

5. ਆਪਣੀ ਸ਼ਨਾਖਤ ਦੀ ਇੱਕ ਕਾਪੀ ਸਰਟੀਫਿਕੇਟ ਲਿਫਾਫੇ ਬੀ (Envelope B) ਦੇ **ਬਾਹਰ** ਨੱਥੀ ਕਰੋ (ਅਧਿਕਾਰਤ ਆਈਡੀ ਦੀ ਸੂਚੀ ਲਈ ਪਿੱਛੇ ਵੇਖੋ)।

6. ਆਪਣੀ ਸ਼ਨਾਖਤ ਅਤੇ ਵਿਸ਼ੇਸ਼ (ਮੇਲ-ਇਨ) ਬੈਲਟ ਸਰਟੀਫਿਕੇਟ ਲਿਫ਼ਾਫ਼ਾ ਬੀ (Envelope B) ਨੂੰ ਰਿਟਰਨ ਲਿਫ਼ਾਫ਼ਾ ਸੀ (Envelope C) ਵਿੱਚ ਰੱਖੋ ਅਤੇ ਸੀਲ ਕਰੋ।

## ਆਪਣਾ ਪੈਕੇਜ ਸਬਮਿਟ ਕਰੋ

ਰਿਟਰਨ ਲਿਫ਼ਾਫ਼ਾ ਸੀ (Envelope C) ਅਤੇ ਸਮਗਰੀ ਹੇਠਾਂ ਦਿੱਤੇ ਪਤੇ 'ਤੇ ਸੋਮਵਾਰ, 18 ਅਕਤੂਬਰ, 2021 ਨੂੰ ਸ਼ਾਮ 4 ਵਜੇ ਜਾਂ ਉਸ ਤੋਂ ਪਹਿਲਾਂ ਪਹੁੰਚ ਜਾਣੀ ਚਾਹੀਦੀ ਹੈ ਜਾਂ ਮੇਲ-ਇਨ ਬੈਲਟ ਵਿੱਚ ਪਾਈ ਜਾਣੀ ਚਾਹੀਦੀ ਹੈ। ਡ੍ਰੌਪ-ਬਾਕਸ ਸਥਾਨਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.calgary.ca/mailinballot ਤੇ ਜਾਓ। ਇਹਨਾਂ ਵਿੱਚੋਂ ਕਿਸੇ ਵੀ ਕਦਮ ਨੂੰ ਪੂਰਾ ਕਰਨ ਵਿੱਚ ਅਸਫਲਤਾ ਤੁਹਾਡੇ ਮਤਦਾਨ ਨੂੰ ਅਯੋਗ ਕਰ ਸਕਦੀ ਹੈ।

**ਡ੍ਰੌਪ-ਆਫ/ਕੋਰੀਅਰ ਲਈ ਪਤਾ:**

Elections Calgary Office
2340 22 St NE
Calgary, AB T2E 8L9

**ਡਾਕ ਦੁਆਰਾ ਭੇਜਣ ਲਈ ਪਤਾ:**

Elections Calgary #207
P.O. Box 2100 Station M
Calgary, AB T2P 2M5

**ਡ੍ਰੌਪ-ਬਾਕਸ ਸਥਾਨ**

**Municipal Building**
**Fish Creek Library**
**Seton Library**
**Country Hills Library**
**Nose Hill Library**

ਪੰਜਾਬੀ ਵਿੱਚ ਸਹਾਇਤਾ ਲਈ ਕਿਰਪਾ ਕਰਕੇ www.calgary.ca/mailinballot ਤੇ ਜਾਓ, ਜਾਂ 403-476-4100 (ਐਕਸਟੈਨਸ਼ਨ 1) ਤੇ ਕਾਲ ਕਰੋ

如需其他语言的协助，请访问 www.calgary.ca/mailinballot，或拨打 403-476-4100（转分机 1）

如需其他语言的协助，请访问 www.calgary.ca/mailinballot，或拨打 403-476-4100（转分机 1）

للمساعدة باللغة العربية، يرجى زيارة الموقع www.calgary.ca/mailinballot، أو الاتصال بالرقم 403-476-4100 (داخلي: 1)

دوسری زبان میں مدد کے لیے براہ کرم www.calgary.ca/mailinballot ملاحظہ کریں ، یا 403-476-41003 ایکسٹینشن 1 پر کال کریں

Vote Elections Calgary

ਫਾਰਮ 24 (EC-24-06-EL-24)

# ਮੇਲ-ਇਨ (ਵਿਸ਼ੇਸ਼) ਬੈਲਟ ਵੋਟਿੰਗ ਨਿਰਦੇਸ਼

*ਸਥਾਨਕ ਅਥਾਰਟੀਜ਼ ਇਲੈਕਸ਼ਨ ਐਕਟ (ਸੈਕਸ਼ਨ 77.1, 77.2)*

ਸਥਾਨਕ ਅਧਿਕਾਰ ਖੇਤਰ:

- ਸਿਟੀ ਔਫ਼ ਕੈਲਗਰੀ
- ਕੈਲਗਰੀ ਬੋਰਡ ਔਫ਼ ਐਜੂਕੇਸ਼ਨ
- ਕੈਲਗਰੀ ਰੋਮਨ ਕੈਥੋਲਿਕ ਸੈਪਰੇਟ ਸਕੂਲ ਡਿਵੀਜ਼ਨ

**ਆਮ ਚੋਣਾਂ ਦੀ ਤਰੀਕ:** 18 **ਅਕਤੂਬਰ**, 2021

## ਅਧਿਕਾਰਤ ਸ਼ਨਾਖਤ

ਲੋਕਲ ਅਥਾਰਟੀਜ਼ ਇਲੈਕਸ਼ਨ ਐਕਟ ਦੀ ਧਾਰਾ 53 ਦੇ ਅਨੁਸਾਰ, ਸਾਰੇ ਵੋਟਰਾਂ ਨੂੰ ਵੋਟ ਪਾਉਣ ਦੀ ਯੋਗਤਾ ਦੇ ਸਬੂਤ ਵਜੋਂ ਸ਼ਨਾਖਤ ਦੇ ਰੂਪਾਂ ਵਿੱਚੋਂ ਇੱਕ ਪੇਸ਼ ਕਰਨਾ ਲਾਜ਼ਮੀ ਹੈ। ਅਧਿਕਾਰਤ ਸ਼ਨਾਖਤ ਨੂੰ ਨਾਮ ਅਤੇ ਮੌਜੂਦਾ ਰਿਹਾਇਸ਼ੀ ਪਤੇ ਦੀ ਤਸਦੀਕ ਕਰਨੀ ਲਾਜ਼ਮੀ ਹੈ। ਫ਼ੋਟੋ ਸ਼ਨਾਖਤ ਇੱਕ ਆਵੱਸ਼ਕਤਾ ਨਹੀਂ ਹੈ। ਹੇਠਾਂ ਸਵੀਕਾਰਯੋਗ ਸ਼ਨਾਖਤ ਦੀ ਇੱਕ ਸੂਚੀ ਹੈ। **ਕੇਵਲ ਹੇਠਾਂ ਸੂਚੀਬੱਧ ਸ਼ਨਾਖਤ ਸਵੀਕਾਰ ਕੀਤੀ ਜਾਵੇਗੀ।**

ਮਿਉਂਸਪਲ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਹੋਣ ਲਈ ਸ਼ਨਾਖਤ ਅਤੇ ਮੌਜੂਦਾ ਨਿਵਾਸ ਦਾ ਸਬੂਤ ਲੋੜੀਂਦਾ ਹੈ। ਨਿਮਨਲਿਖਤ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਜਿਸ ਉੱਤੇ ਵੋਟਰ ਦਾ ਨਾਮ ਅਤੇ ਪਤਾ ਹੈ,ਨੂੰ ਪ੍ਰਮਾਣਿਕ ਸਬੂਤ ਵਜੋਂ ਸਵੀਕਾਰ ਕੀਤਾ ਜਾਵੇਗਾ:

- ਕਨੇਡੀਅਨ ਸਰਕਾਰ ਦੁਆਰਾ ਜਾਰੀ ਕੀਤੀ ਗਈ ਪਛਾਣ, ਭਾਵੇਂ ਸੰਘੀ,
- ਸੂਬਾਈ ਜਾਂ ਸਥਾਨਕ, ਜਾਂ ਉਸ ਸਰਕਾਰ ਦੀ ਏਜੰਸੀ, ਜਿਸ ਵਿੱਚ ਵੋਟਰ
- ਦੀ ਫੋਟੋ ਅਤੇ ਉਨ੍ਹਾਂ ਦਾ ਨਾਮ ਅਤੇ ਮੌਜੂਦਾ ਪਤਾ ਸ਼ਾਮਲ ਹੋਵੇ।
- ਬੈਂਕ ਜਾਂ ਕ੍ਰੈਡਿਟ ਕਾਰਡ ਸਟੇਟਮੈਂਟ ਜਾਂ ਨਿੱਜੀ ਚੈਕ।
- ਸਰਕਾਰੀ ਚੈਕ ਜਾਂ ਚੈਕ ਸਟੱਬ।
- ਆਮਦਨੀ ਜਾਂ ਪ੍ਰਾਪਰਟੀ ਟੈਕਸ ਮੁਲਾਂਕਣ ਨੋਟਿਸ।
- ਬੀਮਾ ਪਾਲਿਸੀ ਜਾਂ ਕਵਰੇਜ ਕਾਰਡ।
- ਇੱਕ ਜਨਤਕ ਕਿਉਰੇਟਰ, ਜਨਤਕ ਸਰਪ੍ਰਸਤ ਜਾਂ ਜਨਤਕ ਟਰੱਸਟੀ ਦਾ ਪੱਤਰ।
- ਲਾਭਾਂ, ਯੋਗਦਾਨਾਂ ਜਾਂ ਭਾਗੀਦਾਰੀ ਦੀ ਪੈਨਸ਼ਨ ਯੋਜਨਾ ਸਟੇਟਮੈਂਟ।
- ਰਿਹਾਇਸ਼ੀ ਲੀਜ਼ ਜਾਂ ਮੌਰਗੇਜ ਸਟੇਟਮੈਂਟ।
- ਸਰਕਾਰੀ ਲਾਭਾਂ ਦੀ ਸਟੇਟਮੈਂਟ (ਉਦਾਹਰਣ ਵਜੋਂ, ਇੰਪਲੌਇਮੈਂਟ ਇੰਸ਼ੋਰੈਂਸ, ਓਲਡ ਏਜ ਸੈਕਿਉਰਟੀ, ਸੋਸ਼ਲ ਅਸਿਸਟੈਂਸ, ਡਿਸਅਬਿਲਟੀ ਸਪੋਰਟ ਜਾਂ ਚਾਈਲਡ ਟੈਕਸ ਬੈਨੇਫਿਟ)।
- ਯੁਟਿਲਟੀ ਬਿੱਲ (ਉਦਾਹਰਨ ਲਈ, ਟੈਲੀਫੋਨ, ਜਨਤਕ ਯੁਟਿਲਟੀਜ਼ ਕਮਿਸ਼ਨ, ਟੈਲੀਵਿਜ਼ਨ, ਹਾਈਡਰੋ, ਗੈਸ ਜਾਂ ਪਾਣੀ)।
- ਵਾਹਨ ਦੀ ਮਲਕੀਅਤ, ਰਜਿਸਟਰੇਸ਼ਨ ਜਾਂ ਬੀਮਾ ਸਰਟੀਫਿਕੇਟ।

ਇਹ ਪੁਸ਼ਟੀ ਕਰਦਾ ਹੋਇਆ ਤਸਦੀਕ ਫਾਰਮ (attestation form) ਕਿ ਵਿਅਕਤੀ ਦੱਸੇ ਪਤੇ 'ਤੇ ਰਹਿੰਦਾ ਹੈ, ਨੂੰ ਵੀ ਵੈਧ ਸਬੂਤ ਵਜੋਂ ਸਵੀਕਾਰ ਕੀਤਾ ਜਾਵੇਗਾ। ਤਸਦੀਕ ਫਾਰਮ (attestation form) ਪ੍ਰਾਪਤ ਕਰਨ ਲਈ ਕਿਰਪਾ ਕਰਕੇ ਇਲੈਕਸ਼ਨਜ਼ ਕੈਲਗਰੀ ਦੀ ਵੈਬਸਾਈਟ ਤੇ ਜਾਓ। ਫਾਰਮ 'ਤੇ ਵੋਟ ਤੋਂ ਪਹਿਲਾਂ ਹੇਠ ਲਿਖੇ ਵਿੱਚੋਂ ਕਿਸੇ ਦੁਆਰਾ ਦਸਤਖਤ ਕੀਤੇ ਜਾ ਸਕਦੇ ਹਨ:

- ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ ਕੰਪਨੀ ਦਾ ਅਧਿਕਾਰਤ ਪ੍ਰਤੀਨਿਧੀ;
- ਇੱਕ ਸੁਧਾਰਕ ਸੰਸਥਾ ਦਾ ਅਧਿਕਾਰਤ ਪ੍ਰਤੀਨਿਧੀ;
- ਫਸਟ ਨੇਸ਼ਨਜ਼ ਬੈਂਡ ਜਾਂ ਰਿਜ਼ਰਵ ਦਾ ਅਧਿਕਾਰਤ ਪ੍ਰਤੀਨਿਧੀ;
- ਪੋਸਟ-ਸੈਕੰਡਰੀ ਸੰਸਥਾ ਦਾ ਅਧਿਕਾਰਤ ਪ੍ਰਤੀਨਿਧੀ;
- ਬੇਘਰਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀ ਫੈਸਿਲਟੀ ਦਾ ਅਧਿਕਾਰਤ ਪ੍ਰਤੀਨਿਧੀ; ਜਾਂ
- ਸਹਾਇਕ ਰਹਿਣ ਦੀ ਫੈਸਿਲਟੀ ਜਾਂ ਇਲਾਜ ਕੇਂਦਰ ਦਾ ਅਧਿਕਾਰਤ ਪ੍ਰਤੀਨਿਧੀ।

ਅਸੀਂ ਕਿਵੇਂ ਕਰ ਰਹੇ ਹਾਂ? ਕਿਰਪਾ ਕਰਕੇ ਇੱਕ ਸਰਵੇਖਣ ਪੂਰਾ ਕਰਨ ਜਾਂ ਉੱਪਰ ਦਿੱਤੇ QR ਕੋਡ ਨੂੰ ਸਕੈਨ ਕਰਨ ਲਈ https://mailinballots.questionpro.ca ਤੇ ਜਾਓ